N.C.R.B (ਐਨ.ਸੀ.ਆਰ.ਬੀ)
I.I.F.-I (ਆਈ.ਆਈ.ਐਫ.-I)

# FIRST INFORMATION REPORT

(Under Section 173 B.N.S.S)
ਪਹਿਲੀ ਸੂਚਨਾ ਰਿਪੋਰਟ
(ਧਾਰਾ 173 ਬੀ.ਐਨ.ਐਸ.ਐਸ)

1. District (ਜ਼ਿਲ੍ਹਾ): POLICE COMMISSIONERATE JALANDHAR    P.S. (ਥਾਣਾ): DIVISION 2    Year (ਸਾਲ): 2025

FIR No. (ਐਫ. ਆਈ.ਆਰ ਸੰ): 0083    Date and Time of FIR (ਐਫ.ਆਈ.ਆਰ ਦੀ ਤਰੀਕ ਅਤੇ ਸਮਾਂ): 11/07/2025 21:30 hrs

2.

| S.No.(ਲੜੀ ਨੰ.) | Acts (ਕਾਨੂੰਨ) | Sections (ਧਾਰਾਵਾਂ) |
|---|---|---|
| 1 | THE BHARATIYA NYAYA SANHITA (BNS), 2023 | 115(2) |
| 2 | THE BHARATIYA NYAYA SANHITA (BNS), 2023 | 126(2) |
| 3 | THE BHARATIYA NYAYA SANHITA (BNS), 2023 | 351(2) |
| 4 | THE BHARATIYA NYAYA SANHITA (BNS), 2023 | 304(2) |
| 5 | THE BHARATIYA NYAYA SANHITA (BNS), 2023 | 3(5) |

3. (a) Occurrence of offence (ਅਪਰਾਧ ਦੀ ਘਟਨਾ):

1. Day(ਦਿਨ): Thursday    Date From (ਤਰੀਕ ਤੋਂ): 10/07/2025    Date To (ਤਰੀਕ ਤਕ): 10/07/2025

Time Period Pahar 5 (ਸਮਾਂ ਮਿਆਦ):    Time From (ਸਮੇ ਤੋਂ): 13:00 hrs    Time To (ਸਮੇ ਤਕ): 14:30 hrs

(b) Information received at P.S.(ਥਾਣੇ ਵਿਚ ਸੂਚਨਾ ਪ੍ਰਾਪਤ ਹੋਣ ਦੀ ਮਿਤੀ ਅਤੇ ਸਮਾਂ):    Date (ਮਿਤੀ): 11/07/2025    Time (ਸਮਾਂ): 20:40 hrs

(c) General Diary Reference (ਰੋਜ਼ਨਾਮਚਾ ਸੰਦਰਭ) :    Entry No. (ਪ੍ਰਵਿਸ਼ਟੀ ਸੰ): 049    Date & Time (ਤਰੀਕ ਅਤੇ ਸਮਾ) : 11/07/2025 20:52 hrs

4. Type of Information (ਜਾਣਕਾਰੀ ਦੀ ਕਿਸਮ): Written

5. Place of Occurrence (ਘਟਨਾ ਸਥਾਨ ):

1. (a) Direction and distance from P.S. (ਥਾਣੇ ਤੋਂ ਦੂਰੀ ਅਤੇ ਦਿਸ਼ਾ): EAST, 0.5 Km(s)    Beat No. (ਬੀਟ ਸੰ.) :

(b) Address (ਪਤਾ): ਮਹਾਂ ਲਕਸ਼ਮੀ ਮੰਦਿਰ ,ਜਲੰਧਰ

(c) In case, outside the limit of this Police Station, then (ਜੇਕਰ ਥਾਣਾ ਸੀਮਾ ਤੋਂ ਬਾਹਰ ਹੈ ਤਾਂ)

Name of P.S (ਥਾਣੇ ਦਾ ਨਾਮ):    District(State) (ਜ਼ਿਲ੍ਹਾ ( ਰਾਜ ) ):

6. Complainant / Informant (ਸ਼ਿਕਾਇਤਕਰਤਾ /ਸੂਚਨਾਕਰਤਾ):

(a) Name (ਨਾਮ): ਨਿਖਲ ਅਰੋੜਾ

(b) Father's Name (ਪਿਤਾ ਦਾ ਨਾਮ) : ਸ੍ਰੀ ਹਰੀਸ਼ ਚੰਦਰ

(c) Date/Year of Birth (ਜਨਮ ਤਰੀਕ/ਸਾਲ): 1993

(d) Nationality(ਰਾਸ਼ਟਰੀਅਤਾ): INDIA

(e) UID No(ਯੂਆਈਡੀ ਨੰ. ):

(f) Passport No. (ਪਾਸਪੋਰਟ ਨੰ.):

Date of Issue (ਜਾਰੀ ਕਰਨ ਦੀ ਮਿਤੀ):

Place of Issue
(ਜਾਰੀ ਕਰਨ ਦਾ ਸਥਾਨ ):

(g) Id details (Ration Card,Voter ID Card,Passport,UID No.,

| S.No. (ਲੜੀ ਨੰ:) | Id Type (ਪਛਾਣ ਪੱਤਰ ਦੀ ਕਿਸਮ ) | Id Number (ਪਛਾਣ ਨੰਬਰ) |
|---|---|---|
| 1 | | |

(h) Address (ਪਤਾ):

| S.No. (ਲੜੀ ਨੰ.) | Address Type (ਪਤੇ ਦੀ ਕਿਸਮ) | Address (ਪਤਾ) |
|---|---|---|
| 1 | Present Address | 20,02,ਸੰਗਤ ਸਿੰਘ ਨਗਰ, ਜਲੰਧਰ ,Sangat Singh Nagar,DIVISION 2,POLICE COMMISSIONERATE JALANDHAR,PUNJAB,INDIA |
| 2 | Permanent Address | 20,02,ਸੰਗਤ ਸਿੰਘ ਨਗਰ, ਜਲੰਧਰ ,Sangat Singh Nagar,DIVISION 2,POLICE COMMISSIONERATE JALANDHAR,PUNJAB,INDIA |

(i) Occupation (ਕਿੱਤਾ ):

(j) Phone number (ਟੈਲੀਫ਼ੋਨ ਨ):

Mobile (ਮੋਬਾਈਲ ਨੰ.): 91-9781708509

7. Details of known/suspected/unknown accused with full particulars
(ਵਾਕਿਫ਼/ਸ਼ੱਕੀ/ਅਗਿਆਤ ਮੁਲਜ਼ਮ ਦਾ ਪੂਰੇ ਵੇਰਵੇ ਸਹਿਤ ਵਰਣਨ ):

Accused More Than(ਇੱਕ ਤੋ ਵੱਧ ਅਪਰਾਧੀ ਦੀ ਗਿਣਤੀ):

| S.No. | Name (ਨਾਮ) | Alias (ਉਪਨਾਮ) | Relative's | Permanent | Present Address (ਮੌਜੂਦਾ ਪਤਾ) |
|---|---|---|---|---|---|
| 1 | ਗੁਰਵਿੰਦਰ ਸਿੰਘ | ਬੰਟੀ | | ਕਾਉਂਸਲਰ ਵਾਰਡ ਨੰਬਰ 66,ਜਲੰਧਰ, UNKNOWN, DIVISION 2, POLICE COMMISSIONERATE JALANDHAR, PUNJAB,INDIA | 1. ਕਾਉਂਸਲਰ ਵਾਰਡ ਨੰਬਰ 66,ਜਲੰਧਰ, UNKNOWN,DIVISION 2, POLICE COMMISSIONERATE JALANDHAR,PUNJAB,INDIA |
| 2 | ਹਰਸ਼ ਸ਼ਰਮਾ | | | ....,UNKNOWN, DIVISION 2, POLICE COMMISSIONERA | 1. ....,UNKNOWN,DIVISION 2, POLICE COMMISSIONERATE JALANDHAR,PUNJAB,INDIA |

| | | | | | |
|---|---|---|---|---|---|
| | | | | TE JALANDHAR, PUNJAB,INDIA | |
| 3 | Unknown1 | | | | |

8. Reasons for delay in reporting by the complainant/informant (ਸ਼ਿਕਾਇਤਕਰਤਾ/ਸੂਚਨਾਕਰਤਾ ਦੁਆਰਾ ਰਿਪੋਰਟ ਕਰਨ ਵਿੱਚ ਦੇਰੀ ਦੇ ਕਾਰਨ):

9. Particulars of properties of interest (ਸਬੰਧਿਤ ਜਾਇਦਾਦ ਦਾ ਵੇਰਵਾ):

| S.No. (ਲੜ੍ਹੀ ਨ) | Property Category (ਸੰਪੱਤੀ ਸ਼੍ਰੇਣੀ) | Property Type (ਸੰਪਤੀ ਦੀ ਕਿਸਮ) | Nature of Property (ਜਾਇਦਾਦ ਦੀ ਪ੍ਰਕਿਰਤੀ) | Description (ਵਰਣਨ) | Value(In Rs/-) (ਮੁੱਲ (ਰੁ ਵਿੱਚ)) |
|---|---|---|---|---|---|

10. Total value of property (In Rs/-)-ਜਾਇਦਾਦ ਦਾ ਕੁਲ ਮੁੱਲ (ਰੁ ਵਿੱਚ):

11. Inquest Report / U.D. case No., if any (ਮੌਤ ਸਮੀਖਿਆ ਰਿਪੋਰਟ / ਯੂ.ਡੀ.ਪ੍ਰਕਰਣ ਸੰ., ਜੇਕਰ ਕੋਈ ਹੋ ):

| S.No. (ਲੜ੍ਹੀ ਨ) | UIDB Number (ਯੂ ਆਈ ਡੀ ਬੀ ਪ੍ਰਕਰਣ ਸੰ.) |
|---|---|

12. First Information contents (ਵੇਰਵਾ):

ਬਿਆਨ ਅਜਾਨੇ ਨਿਖਲ ਅਰੋੜਾ ਉਮਰ ਕਰੀਬ 32 ਸਾਲ ਪੁੱਤਰ ਸ੍ਰੀ ਹਰੀਸ਼ ਚੰਦਰ ਵਾਸੀ ਮਕਾਨ ਨੰਬਰ 20, ਗਲੀ ਨੰਬਰ2, ਸੰਗਤ ਸਿੰਘ ਨਗਰ, ਜਲੰਧਰ । ਬਿਆਨ ਕੀਤਾ ਕਿ ਮੈ ਉਕਤ ਪਤੇ ਦਾ ਰਹਿਣ ਵਾਲਾ ਹਾਂ । ਮਿਤੀ 10-07-2025 ਨੂੰ ਮੈਂ ਮਹਾਂ ਲਕਸ਼ਮੀ ਮੰਦਿਰ ਜਲੰਧਰ ਵਿਖੇ ਕਿਰਿਆ ਤੇ ਦੁਪਹਿਰ ਵਕਤ ਕਰੀਬ 1-2 ਵਜੇ ਗਿਆ ਸੀ ਜਿਥੇ ਮੈ ਮੱਥਾ ਟੇਕ ਕੇ ਬੈਠ ਗਿਆ । ਕਰੀਬ 10 ਮਿੰਟਾਂ ਬਾਅਦ ਉਥੇ ਗੁਰਵਿੰਦਰ ਸਿੰਘ ਉਰਫ ਬੰਟੀ ਕਾਉਂਸਲਰ ਵਾਰਡ ਨੰਬਰ 66 ਵੀ ਆਪਣੇ 2-4 ਸਾਥੀਆਂ ਸਮੇਤ ਮੰਦਿਰ ਵਿਚ ਆਏ । ਫਿਰ ਕੁਝ ਦੇਰ ਬਾਅਦ ਮੈਂ ਉਥੋਂ ਉਠ ਕੇ ਨਿਕਲਣ ਲੱਗਾ ਤਾਂ ਉਕਤ ਗੁਰਵਿੰਦਰ ਸਿੰਘ ਉਰਫ ਬੰਟੀ ਤੇ ਉਸ ਦੇ ਸਾਥੀ ਵੀ ਮੇਰੇ ਮਗਰ ਹੀ ਉਠ ਖੜੇ ਅਤੇ ਮੇਰੇ ਕੋਲ ਆ ਗਏ ਪਰ ਮੈ ਇਨਾਂ ਨੂੰ ਅੱਖੋ ਪਰੋਖੇ ਕਰਕੇ ਆਪਣਾ ਚਿਹਰਾ ਦੂਸਰੀ ਤਰਫ ਕਰ ਲਿਆ। ਕਿਉਂਕਿ ਇਹ ਪਹਿਲਾ ਵੀ ਮੇਰੇ ਨਾਲ ਖਹਿਬਾਜ਼ੀ ਰਖਦਾ ਰਿਹਾ ਹੈ । ਉਕਤ ਗੁਰਵਿੰਦਰ ਸਿੰਘ ਉਰਫ ਬੰਟੀ ਨੇ ਮੈਨੂੰ ਆ ਕੇ ਕਿਹਾ ਕਿ ਜਿੰਨਾ ਮਰਜ਼ੀ ਮੂੰਹ ਪਰ੍ਹਾਂ ਨੂੰ ਕਰ ਲੈ ਤੇਰਾ ਅਸੀ ਅੱਜ ਕੰਮ ਕੱਢ ਦੇਣਾ ਹੈ । ਮੈਂ ਇਸ ਨੂੰ ਕਿਹਾ ਕਿ ਮੈਂ ਤਾਂ ਤੁਹਾਨੂੰ ਕੁਝ ਨਹੀ ਕਿਹਾ ਅਤੇ ਮੈ ਆਪਣੇ ਬੂਟ ਪੈਰਾਂ ਵਿਚ ਪਾਉਣ ਲੱਗਾ ਤਾਂ ਇਸ ਨੇ ਉਲਟਾ ਮੇਰੇ ਨਾਲ ਗਾਲੀ ਗਲੋਚ ਕਰਨਾ ਸੁਰੂ ਕਰ ਦਿਤਾ ਅਤੇ ਹੱਥੋਪਾਈ ਕੀਤੀ । ਫਿਰ ਉਕਤ ਗੁਰਵਿੰਦਰ ਸਿੰਘ ਨੇ ਜਾਨੋ ਮਾਰਨ ਦੀ ਨੀਯਤ ਨਾਲ ਮੇਰੇ ਤੇ ਹਲਵਾਈ ਵਾਲੇ ਖੁਰਚਣੇ ਦਾ ਵਾਰ ਕੀਤਾ ਜੋ ਮੇਰੀ ਗਰਦਨ ਦੇ ਕੋਲ ਲੱਗਾ । ਦੂਜਾ ਵਾਰ ਮੇਰੀ ਬਾਂਹ ਤੇ ਕੀਤਾ ਅਤੇ ਤੀਜਾ ਵਾਰ ਇਸ ਨੇ ਮੈਨੂੰ ਜਾਨੋ ਮਾਰ ਦੇਣ ਦੀ ਨੀਯਤ ਨਾਲ ਪਿਠ ਤੇ ਕੀਤਾ ਜਿਸ ਨਾਲ ਮੈ ਡਿਗ ਪਿਆ ਅਤੇ ਫਿਰ ਇਸ ਨੇ ਮੇਰੇ ਤੇ ਵਾਰ ਕੀਤਾ ਜਿਸ ਦੇ ਬਚਾਅ ਵਾਸਤੇ ਮੈ ਆਪਣਾ ਹੱਥ ਅਗੇ ਕਰਨ ਤੇ ਮੇਰੇ ਹੱਥ ਤੇ ਲੱਗਾ ਤਾਂ ਇਸ ਦੇ ਨਾਲ ਆਏ ਸਾਥੀ ਹਰਸ਼ ਸ਼ਰਮਾ ਅਤੇ ਦੋ ਹੋਰ ਅਣਪਛਾਤੇ ਵਿਅਕਤੀ ਜਿਨਾਂ ਨੂੰ ਮੈ ਸਾਹਮਣੇ ਆਉਣ ਤੇ ਪਹਿਚਾਣ ਲਵਾਂਗਾ ਨੇ ਵੀ ਮੇਰੇ ਡਿਗੇ ਪਏ ਤੇ ਪਿਠ ਅਤੇ ਪੇਟ ਵਿਚ ਘਸੁੰਨ ਤੇ ਠੁੱਡੇ ਮਾਰੇ ਅਤੇ ਇਸ ਦੋਰਾਨ ਬੰਟੀ ਨੇ ਮੇਰੇ ਤੇ ਹਮਲਾ ਜਾਨੋ ਮਾਰਨ ਦੀ ਨੀਯਤ ਨਾਲ ਕੀਤਾ ਅਤੇ ਇਸ ਹਮਲੇ ਦੇ ਵਿਚ ਇਸ ਨੇ ਮੇਰੇ ਗਲੇ ਵਿਚ ਪਾਈ ਇਕ ਸੋਨੇ ਦੀ ਚੈਨ ਵਜਨੀ 23 ਗ੍ਰਾਮ ਜਿਸ ਵਿਚ 9 ਗ੍ਰਾਮ ਦਾ ਉਮ ਵਾਲਾ ਲਾਕਿਟ ਸੀ, ਵੀ ਝਪਟ ਲਈ। ਫਿਰ ਹਰਸ਼ ਸ਼ਰਮਾ ਨੇ ਆਪਣਾ ਪਿਸਤੋਲ ਕੱਢ ਕੇ ਮੇਰੇ ਉਪਰ ਤਾਣ ਦਿਤਾ ਤਾਂ ਉਕਤ ਗੁਰਵਿੰਦਰ ਸਿੰਘ ਉਰਫ ਬੰਟੀ ਨੇ ਕਿਹਾ ਕਿ ਹਰਸ਼ ਅੱਜ ਇਸ ਨੂੰ ਗੋਲੀ ਮਾਰ ਕੇ ਮਾਰ ਦੇ । ਜਿਸ ਤੇ ਮੇਰੇ ਪਾਸ ਇਕਦਮ ਮੇਰੇ ਬਚਾਅ ਵਾਸਤੇ ਮੇਰਾ ਦੋਸਤ ਅਜੇ ਸ਼ਰਮਾ ਆ ਗਿਆ ਜਿਸ ਨੇ ਹਰਸ਼ ਸ਼ਰਮਾ ਦਾ ਹੱਥ ਫੜ ਕੇ ਉਸ ਦਾ ਪਿਸਤੋਲ ਦੂਸਰੀ ਸਾਈਡ ਕਰ ਦਿਤਾ ਨਹੀ ਤਾਂ ਉਕਤ ਹਰਸ਼ ਨੇ ਮੈਨੂੰ ਗੋਲੀ ਮਾਰ ਦੇਣੀ ਸੀ । ਫਿਰ ਮੇਰਾ ਦੋਸਤ ਅਜੇ ਸ਼ਰਮਾ ਮੈਨੂੰ ਸੱਟਾਂ ਲੱਗਣ ਕਾਰਨ ਸਿਵਲ ਹਸਪਤਾਲ ਵਿਚ ਆਪਣੇ ਇਲਾਜ਼ ਵਾਸਤੇ ਲੈ ਕੇ ਗਿਆ ਜਿਥੇ ਸਬੰਧਤ ਡਾਕਟਰ ਸਾਹਿਬ ਨੇ ਮੇਰੀ ਪਰਚੀ ਰਜਿਸਟਰੇਸ਼ਨ ਨਬੰਰ 16036 ਮਿਤੀ 10-7-2025 ਕੱਟ ਕੇ ਮੇਰੀ ਐਮ ਐਲ ਆਰ

ਨੰਬਰੀ ਕੇ.ਐਸ/324/ਸੀ.ਐਚ.ਜੇ/2025 ਮਿਤੀ 10-7-2025 ਜਾਰੀ ਕੀਤੀ । ਪਰਚੀ ਦੀ ਕਾਪੀ ਮੈ ਨਾਲ ਪੇਸ਼ ਕਰਦਾ ਹਾਂ । ਵਜਹ ਰੰਜਿਸ ਇਹ ਹੈ ਕਿ ਉਕਤ ਗੁਰਵਿੰਦਰ ਸਿੰਘ ਉਰਫ ਬੰਟੀ ਨੇ ਮੇਰੇ ਵਿਰੁਧ ਕਾਂਗਰਸ ਦੀ ਸੀਟ ਤੇ ਮਿਉਸੀਪਲ ਕਾਊਸਲ ਦੀ ਚੋਣ ਲੜੀ ਸੀ ਜਿਸ ਵਿਚ ਮੈ ਹਾਰ ਗਿਆ ਸੀ ਪਰ ਮੇਰੇ ਹਾਰਨ ਦੇ ਬਾਵਜੂਦ ਵੀ ਲੋਕ ਆਪਣੇ ਕੰਮਾਂ ਕਾਰਾਂ ਦੇ ਸਬੰਧ ਵਿਚ ਮੇਰੇ ਪਾਸ ਆਉਦੇ ਹਨ ਜਿਨਾਂ ਦੀ ਮੈਂ ਸਾਡੀ ਸਰਕਾਰ ਹੋਣ ਕਰਕੇ ਮੈ ਨਿਸੁਲਕ ਸੇਵਾ ਕਰਦਾ ਹਾਂ ਅਤੇ ਲੋਕਾਂ ਦੇ ਕੰਮ ਹੁੰਦੇ ਹਨ ਤਾਂ ਲੋਕ ਵਿਸ਼ਵਾਸ਼ ਤਹਿਤ ਮੇਰੇ ਪਾਸ ਆਉਦੇ ਹਨ ਜਿਸ ਦੀ ਉਕਤ ਗੁਰਵਿੰਦਰ ਸਿੰਘ ਬੰਟੀ ਖਾਰ ਖਾਂਦਾ ਹੈ । ਦੂਸਰੀ ਵਜਹ ਇਹ ਹੈ ਕਿ ਐਮ ਸੀ ਦੀਆਂ ਚੋਣਾਂ ਤੋਂ ਪਹਿਲਾਂ ਉਕਤ ਗੁਰਵਿੰਦਰ ਸਿੰਘ ਦੀ ਨਜਾਇਜ਼ ਸ਼ਰਾਬ ਅਸੀ ਫੜਾਈ ਸੀ ਜਿਸ ਕਰਕੇ ਵੀ ਇਹ ਮੇਰੇ ਨਾਲ ਰੰਜਿਸ਼ ਰੱਖਦਾ ਹੈ ਜਿਸ ਰੰਜਿਸ਼ ਦੇ ਤਹਿਤ ਇਸ ਨੇ ਮੇਰੇ ਤੇ ਹਮਲਾ ਕੀਤਾ ਹੈ । ਮੇਰੇ ਗਲੇ ਵਿਚੋ ਉਕਤ ਬੰਟੀ ਦੁਆਰਾ ਝਪਟੀ ਗਈ ਸੋਨੇ ਦੀ ਚੈਨ ਬਰਾਮਦ ਕਰਵਾਈ ਜਾਵੇ । ਬਿਆਨ ਪੜ ਸੁਣ ਲਿਆ ਹੈ ਠੀਕ ਹੈ । SD/-(ENGLISH) NIKHIL ARORA 11.07.2025 ਤਸਦੀਕ :-ਗੁਰਸ਼ਰਨ ਸਿੰਘ SI ਥਾਣਾ ਡਵੀਜਨ ਨੰਬਰ 2 ਕਮਿਸ਼ਨਰੇਟ ਜਲੰਧਰ ਮਿਤੀ 11.07.2025 ਕਾਰਵਾਈ ਪੁਲਿਸ:- ਅੱਜ ਮਿਤੀ 11.07.2025 ਮਨ SI ਸਮੇਤ S/CT ਅਮਰਜੀਤ ਸਿੰਘ ਨੰਬਰ 2046 S/L/CT ਸਰੋਜ ਕੁਮਾਰੀ ਨੰਬਰ 2610 ਦੇ ਹਾਜਰ ਥਾਣਾ ਸੀ ਕਿ ਮੇਰੇ ਪਾਸ ਨਿਖਲ ਅਰੋੜਾ ਪੁੱਤਰ ਸ੍ਰੀ ਹਰੀਸ਼ ਚੰਦਰ ਵਾਸੀ ਮਕਾਨ ਨੰਬਰ 20, ਗਲੀ ਨੰਬਰ 2, ਸੰਗਤ ਸਿੰਘ ਨਗਰ, ਜਲੰਧਰ ਉਮਰ ਕਰੀਬ 32 ਸਾਲ ਹਾਜਰ ਥਾਣਾ ਆਇਆ ਜਿਸ ਨੇ ਟਾਇਪਸ਼ੁਦਾ ਲਿਖਤੀ ਬਿਆਨ ਮੇਰੇ ਪੇਸ਼ ਕੀਤਾ ਅਤੇ ਮਨ SI ਵਲੋ ਨਿਖਲ ਅਰੋੜਾ ਦੀ MLR No. KS/324/CHJ/2025 ਮਿਤੀ 10.07.2025 ਸਿਵਲ ਹਸਪਤਾਲ ਜਲੰਧਰ ਤੋ ਹਾਸਲ ਕੀਤੀ ਸੀ MLR ਵਿੱਚ ਡਾਕਟਰ ਸਾਹਿਬ ਨੇ ਕੁੱਲ 06 ਸੱਟਾ ਲੱਗਣੀਆ ਤਹਿਰੀਰ ਕੀਤੀਆ ਹਨ ਜੋ ਸੱਟ ਨੰਬਰ 1 ADV. FOR RADIOLOGIST OPINION ,ਸੱਟ ਨੰਬਰ 2 ਸਿੰਪਲ ,ਸੱਟ ਨੰਬਰ 03 ADV. FOR SURGERY OPINION,ਸੱਟ ਨੰਬਰ 04, 05 ਅਤੇ 06 ADV. TO RADIOLOGIST OPINION ਲਿਖਿਆ ਬਿਆਨਬਾਲਾ ਅਤੇ ਨਤੀਜਾ MLR ਤੋ ਸ਼ਰੇਦਸਤ ਜੁਰਮ 115(2), 126(2), 351 (2), 304(2), 3(5) BNS ਦਾ ਹੋਣਾ ਪਾਇਆ ਜਾਂਦਾ ਹੈ । ਮੁਦਈ ਮੁਕੱਦਮਾ ਨਾਲ ਜੋ ਹਰਸ਼ ਵਲੋ ਪਿਸਤੋਲ ਕੱਢਣ ਦੀ ਗੱਲ ਕਹੀ ਹੈ ਉਸ ਸਬੰਧੀ ਦੋਰਾਨੇ ਤਫਤੀਸ਼ ਜੋ ਕੋਈ ਵੀ ਗੱਲ ਸਾਹਮਣੇ ਆਵੇਗੀ ਉਸ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਡਾਕਟਰ ਸਾਹਿਬ ਵਲੋ ਜੋ ਸੱਟਾ UNDER ADVICE ਰੱਖੀਆ ਉਹਨਾ ਦੀ ਰਿਪੋਰਟ ਹਾਸਿਲ ਹੋਣ ਤੇ ਜੈਸੀ ਸੂਰਤ ਹੋਵੇਗੀ ਵੈਸੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅਸਲ ਬਿਆਨ ਮੁਕੱਦਮਾ ਦਰਜ ਕਰਨ ਲਈ ਹਵਾਲੇ ਮੁੱਖ ਮੁਨਸ਼ੀ ਥਾਣਾ ਦੇ ਹਵਾਲੇ ਕੀਤੇ ਜਾ ਰਹੇ ਹਨ । ਮੁਕੱਦਮਾ ਦਰਜ ਰਜਿਸਟਰ ਕਰਕੇ ਨੰਬਰ ਮੁਕੱਦਮਾ ਤੋ ਜਾਣੂ ਕੀਤਾ ਜਾਵੇ ਸੀਨੀਅਰ ਅਫਸਰਾਨ ਅਤੇ ਕੰਟਰੋਲ ਰੂਮ ਪਰ ਇਤਲਾਹ ਦਿੱਤੀ ਜਾਵੇ ਜੀ ,ਸ਼ਪੈਸ਼ਲ ਰਿਪੋਰਟਾ ਜਾਰੀ ਕੀਤੀਆ ਜਾਣ ਤੇ ਇਲਾਕਾ ਮੈਜਿਸਟ੍ਰੇਟ ਸਾਹਿਬ ਤੇ ਹੋਰ ਸੀਨੀਅਰ ਅਫਸਰਾਨ ਬਾਲਾ ਦੀ ਸੇਵਾ ਵਿੱਚ ਭੇਜੀਆ ਜਾਣ।ਮਨ SI ਸਮੇਤ ਸਾਥੀ ਕਰਮਚਾਰੀਆ ਦੇ ਮਸ਼ਰੂਫ ਤਫਤੀਸ਼ ਹੁੰਦਾ ਹਾ । ਅੱਜ ਬਾਹੱਦ ਰਕਬਾ ਥਾਣਾ ਡਵੀਜਨ ਨੰਬਰ 2 ਕਮਿਸ਼ਨਰੇਟ ਜਲੰਧਰ At:-08:35 PM Sd/- ਗੁਰਸ਼ਰਨ ਸਿੰਘ SI ਥਾਣਾ ਡਵੀਜਨ ਨੰਬਰ 2 ਕਮਿਸ਼ਨਰੇਟ ਜਲੰਧਰ 11.07.2025 ਅੱਜ ਥਾਣਾ:- ਉਪਰੋਕਤ ਲਿਖਤ ਦੇ ਮੋਸੂਲ ਹੋਣ ਤੇ ਇਹ ਪਹਿਲੀ ਸੂਚਨਾ ਰਿਪੋਰਟ ਉਕਤ ਧਰਾਵਾ ਤਹਿਤ ਦਰਜ ਰਜਿਸਟਰ ਕਰਕੇ ਅਸਲ ਲਿਖਤ ਸਮੇਤ ਨਕਲ FIR ਅਇੰਦਾ ਤਫਤੀਸ਼ ਲਈ ਹਵਾਲੇ SI ਗੁਰਸ਼ਰਨ ਸਿੰਘ ਨੰ.2415 ਕੀਤੀ ਜਾ ਰਹੀ ਹੈ, ਕੰਟਰੋਲ ਰੂਮ ਪਰ ਬਜਰੀਆ ਟੈਲੀਫੂਨ ਇਤਲਾਹ ਦਿੱਤੀ ਗਈ। ਸਪੈਸ਼ਲ ਰਿਪੋਰਟਾ ਜਾਰੀ ਕਰਕੇ ਹੱਥੀ S/L/CT ਚਰਨਜੀਤ ਕੋਰ ਨੰ.3207 ਦੇ ਇਲਾਕਾ ਮੈਜਿਸਟਰੇਟ ਸਾਹਿਬ ਅਤੇ ਅਫਸਰਾਨ ਬਾਲਾ ਦੀ ਸੇਵਾ ਵਿੱਚ ਭੇਜੀਆ ਜਾ ਰਹੀਆ ਹਨ।

ਤਕਮੀਲ ਰਪਟ ਨੰ.50 ਮਿਤੀ 11-7-2025

13. Action taken:Since the above information reveals commission of offence(s) u/s as mentioned at Item No. 2.
(ਕਾਰਵਾਈ : ਉਪਰੋਕਤ ਜਾਣਕਾਰੀ ਨਾਲ ਪਤਾ ਚੱਲਦਾ ਹੈ ਕਿ ਅਪਰਾਧ ਕਰਨ ਦਾ ਤਰੀਕਾ ਸੰ. ਨੰ 2 . ਵਿੱਚ ਦਰਸਾਈ ਧਾਰਾ ਦੇ ਤਹਿਤ ਹੈ):

(1) Registered the case and took up the investigation (ਕੇਸ ਦਰਜ ਕੀਤਾ ਗਿਆ ਅਤੇ ਪੜਤਾਲ ਨੂੰ ਲੈ ਲਿਆ): or (ਜਾਂ )

(2) Directed (Name of I.O.): GURSHARAN SINGH (ਤਫਤੀਸ਼ੀ ਅਧਿਕਾਰੀ ਦਾ ਨਾਮ ): Rank (ਅਹੁਦਾ): SI (Sub-Inspector)

No(ਨੰ): 2415 to take up the Investigation (ਨੂੰ ਜਾਂਚ ਆਪ ਪਾਸ ਲੈਣ ਲਈ ਨਿਰਦੇਸ਼ ਦਿੱਤਾ ਗਿਆ) or(ਜਾਂ

(3) Refused investigation due to (ਕਿਸ ਕਾਰਨ ਕਰਕੇ ਇਨਕਾਰ ਕੀਤਾ) :

or (ਜਾਂ)

(4) Transferred to P.S. (ਥਾਣਾ): District (ਜ਼ਿਲ੍ਹਾ):

on point of jurisdiction (ਹੱਦਬੰਦੀ ਕਾਰਣ) .

F.I.R.read over to the complainant/informant,admitted to be correctly recorded and a copy given to the complainant/informant free of cost. (ਸ਼ਿਕਾਇਤਕਰਤਾ/ਸੂਚਨਾਕਰਤਾ ਨੂੰ ਪ੍ਰਾਥਮਿਕੀ ਪੜ੍ਹ ਕੇ ਸੁਣਾਈ ਗਈ ,ਸਹੀ ਦਰਜ ਹੋਇਆ ਮੰਨਿਆ ਅਤੇ ਇੱਕ ਕਾਪੀ ਮੁਫਤ ਸ਼ਿਕਾਇਤਕਰਤਾ ਨੂੰ ਦਿੱਤੀ ਗਈ |)

R.O.A.C.(ਆਰ.ਓ .ਏ .ਸੀ.)

14. Signature/Thumb impression of the complainant / informant (ਸ਼ਿਕਾਇਤਕਰਤਾ/ਸੂਚਨਾਕਰਤਾ ਦੇ ਹਸਤਾਖਰ / ਅੰਗੂਠੇ ਦਾ ਨਿਸ਼ਾਨ):

15. Date and time of dispatch to the court (ਅਦਾਲਤ ਵਿੱਚ ਪੇਸ਼ ਕਰਨ ਦੀ ਤਰੀਕ ਅਤੇ ਸਮਾਂ):

Signature of Officer in charge, Police Station
(ਮੁੱਖ ਅਫਸਰ ਥਾਣਾ ਦੇ ਹਸਤਾਖਰ)

Name(ਨਾਮ): NARESH KUMAR
Rank (ਅਹੁਦਾ):ASI (Assistant Sub-Inspector)
No(ਸੰ.): 1455/JAL